

ਕਾਰੋਬਾਰੀ ਮਾਲਕਾਂ ਜਾਂ ਸਵੈ-ਰੁਜ਼ਗਾਰ ਵਾਲੇ ਅਤੇ ਸੁਤੰਤਰ ਠੇਕੇਦਾਰਾਂ ਲਈ ਇੱਕ ਸੁਰੱਖਿਆ ਜਾਲ।

# ਅਪਾਹਜਤਾ ਬੀਮਾ ਚੋਣਵੀਂ ਕਵਰੇਜ





DE 2565D/P Rev. 21 (4-25) **(Internet)**



# ਇੱਕ ਵਿੱਤੀ ਸੁਰੱਖਿਆ ਜਾਲ

ਅਸੀਂ ਉਹਨਾਂ ਲੋਕਾਂ ਲਈ ਇੱਕ ਵਿਕਲਪਿਕ Disability Insurance Elective Coverage (DIEC) ਪ੍ਰੋਗਰਾਮ ਪੇਸ਼ ਕਰਦੇ ਹਾਂ ਜੋ:

- ਰਾਜ ਅਪਾਹਜਤਾ ਬੀਮਾ (SDI) ਵਿੱਚ ਭੁਗਤਾਨ ਨਹੀ ਕਰਦੇ ਪਰ ਅਪਾਹਜਤਾ ਅਤੇ ਤਨਖਾਹ-ਸੁਦਾ ਪਰਿਵਾਰਕ ਛੁੱਟੀ (PFL) ਦੁਆਰਾ ਕਵਰ ਹੋਣਾ ਚਾਹੁੰਦੇ ਹਨ।
- ਕੋਈ ਵੀ ਵਿਅਕਤੀ ਜੋ ਆਪਣੀ ਆਮਦਨ ਦਾ ਵੱਡਾ ਹਿੱਸਾ ਆਪਣੇ ਸਵੈ-ਰੁਜ਼ਗਾਰ ਜਾਂ ਕਾਰੋਬਾਰ ਤੋਂ ਪ੍ਰਾਪਤ ਕਰਦਾ ਹੈ, ਉਹ DIEC ਦੁਆਰਾ ਕਵਰ ਕੀਤੇ ਜਾਣ ਦੀ ਚੋਣ ਕਰ ਸਕਦਾ ਹੈ।

DIEC ਛੋਟੇ-ਕਾਰੋਬਾਰਾਂ ਦੇ ਮਾਲਕਾਂ, ਉੱਦਮੀਆਂ, ਸੁਤੰਤਰ ਠੇਕੇਦਾਰਾਂ, ਜਾਂ ਸਵੈ-ਰੁਜ਼ਗਾਰ ਵਾਲੇ ਲੋਕਾਂ ਦੀ ਰੱਖਿਆ ਕਰਦਾ ਹੈ ਜੋ ਕੈਲੀਫੋਰਨੀਆ ਵਿੱਚ ਕਾਰੋਬਾਰ ਕਰ ਰਹੀਆਂ ਕੰਪਨੀਆਂ ਦਾ ਇੱਕ ਵੱਡਾ ਹਿੱਸਾ ਹੈ।

# ਮੇਰੇ DIEC ਲਾਭ ਕੀ ਹਨ?


- ਸੱਟ, ਗਰਭ ਅਵਸਥਾ, ਜਾਂ ਬਿਮਾਰੀ ਕਾਰਨ ਆਮਦਨ ਦੇ ਨੁਕਸਾਨ ਤੋਂ ਸੁਰੱਖਿਆ, ਭਾਵੇਂ ਇਹ ਕੰਮ-ਸਬੰਧਤ ਹੋਵੇ ਜਾਂ ਨਾ।
- ਤੁਹਾਡੀ ਅਪਾਹਜਤਾ ਲਈ 39 ਹਫ਼ਤਿਆਂ ਤੱਕ ਦੇ ਲਾਭ।
- PFL ਵਿੱਚ ਸਵੈਚਲਿਤ ਕਵਰੇਜ, ਜੋ ਅੱਠ ਹਫ਼ਤਿਆਂ ਤੱਕ ਦੇ ਲਾਭ ਪ੍ਰਦਾਨ ਕਰਦੀ ਹੈ:
  - ਗੰਭੀਰ ਤੌਰ ਤੇ ਬਿਮਾਰ ਪਰਿਵਾਰ ਦੇ ਸਦੱਸ ਦੀ ਦੇਖਭਾਲ ਕਰਨ ਲਈ।
  - ਨਵੇਂ ਜੰਮੇ ਬੱਚੇ ਦੇ ਨਾਲ ਸੰਬੰਧ ਬਣਾਉਣ ਲਈ।
  - ਇੱਕ ਯੋਗ ਮਿਲਟਰੀ ਈਵੈਂਟ ਵਿੱਚ ਹਿੱਸਾ ਲੈਣਾ।

ਤੁਹਾਨੂੰ ਅਦਾ ਕੀਤੀ ਗਈ ਰਕਮ ਇੰਟਰਨਲ ਰੈਵੇਨਿਊ ਸਰਵਿਸ ਦੇ ਫਾਰਮ 1040 (ਸ਼ਡਿਊਲ SE ਜਾਂ ਸ਼ਡਿਊਲ C) 'ਤੇ ਤੁਹਾਡੇ ਜਵਾਬਾਂ 'ਤੇ ਅਧਾਰਤ ਹੈ।

ਵਧੇਰੇ ਜਾਣਕਾਰੀ ਲਈ ਇੱਥੇ ਵੇਖੋ
Benefits and Premium Amounts

ਵਧੇਰੇ ਜਾਣਕਾਰੀ ਲਈ:

- **ਅਪਾਹਜਤਾ:** Call 1-800-480-3287
- **PFL:** Call 1-877-238-4373




# ਕਾਰੋਬਾਰੀ ਮਾਲਕਾਂ ਅਤੇ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਨੂੰ ਉਹਨਾਂ ਪਲਾਂ ਲਈ ਮੌਜੂਦ ਰਹਿਣ ਵਿੱਚ ਮਦਦ ਕਰਨਾ ਜੋ ਮਾਇਨੇ ਰੱਖਦੇ ਹਨ।

## ਕੀ ਮੈਂ DIEC ਲਈ ਯੋਗ ਹਾਂ?

ਯੋਗ ਹੋਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ:

- ਆਪਣਾ ਕਾਰੋਬਾਰ ਹੋਵੇ, ਸਵੈ-ਰੁਜ਼ਗਾਰ ਵਾਲੇ ਹੋਵੋ, ਜਾਂ ਇੱਕ ਸੁਤੰਤਰ ਠੇਕੇਦਾਰ ਵਜੋਂ ਕੰਮ ਹੋਵੇ।
- ਸਾਲਾਨਾ $4,600 ਦਾ ਘੱਟੋ-ਘੱਟ ਸ਼ੁੱਧ ਮੁਨਾਫ਼ਾ ਹੋਵੇ।
- ਜੇ ਤੁਹਾਡੀ ਨੌਕਰੀ ਲਈ ਲਾਇਸੰਸ ਦੀ ਲੋੜ ਹੈ, ਤਾਂ ਤੁਹਾਡੇ ਕੋਲ ਇੱਕ ਵੈਧ ਲਾਇਸੰਸ ਹੋਣਾ ਚਾਹੀਦਾ ਹੈ।
- ਅਰਜ਼ੀ ਜਮਹ੍ਹਾਂ ਕਰਦੇ ਸਮੇਂ ਪੂਰਾ-ਸਮਾਂ ਕੰਮ ਕਰ ਰਹੇ ਹੋਵੋ ਅਤੇ ਆਪਣੇ ਸਾਰੇ ਨਿਯਮਤ ਫਰਜ਼ ਨਿਭਾ ਰਹੇ ਹੋਵੋ।
- ਆਪਣੀ ਆਮਦਨ ਦਾ ਵੱਡਾ ਹਿੱਸਾ ਇੱਕ ਸੁਤੰਤਰ ਠੇਕੇਦਾਰ ਵਜੋਂ ਆਪਣੇ ਵਪਾਰ, ਕਾਰੋਬਾਰ ਜਾਂ ਨੌਕਰੀ ਤੋਂ ਪ੍ਰਾਪਤ ਕਰਦੇ ਹੋ।
- ਤੁਹਾਡਾ ਕਾਰੋਬਾਰ ਮੌਸਮੀ ਨਾ ਹੋਵੇ।
- ਤੁਸੀ ਦੋ ਪੂਰੇ ਕੈਲੰਡਰ ਸਾਲਾਂ ਲਈ ਪਰੋਗਰਾਮ ਵਿੱਚ ਬਣੇ ਰਹੋ, ਜਦੋਂ ਤੱਕ ਤੁਸੀ ਆਪਣਾ ਕਾਰੋਬਾਰ ਬੰਦ ਨਹੀ ਕਰ ਦਿੰਦੇ ਜਾਂ ਕੈਲੀਫੋਰਨੀਆ ਤੋਂ ਬਾਹਰ ਨਹੀ ਚਲੇ ਜਾਂਦੇ।

ਵਧੇਰੇ ਜਾਣਕਾਰੀ ਲਈ ਇੱਥੇ ਵੇਖੋ Eligibility Requirements for Disability Insurance Elective Coverage

ਜੇਕਰ ਤੁਹਾਡੇ ਕੋਈ ਸਵਾਲ ਹਨ:

- **ਫੋਨ:** 1-916-654-6288.

ਜੇ ਤੁਸੀਂ ਅਰਜ਼ੀ ਫਾਰਮ ਲੈਣਾ ਚਾਹੁੰਦੇ ਹੋ, ਤਾਂ ਇਸਨੂੰ Forms and Publications ਰਾਹੀਂ ਡਾਊਨਲੋਡ ਕਰੋ ਜਾਂ ਮੰਗਵਾਉ, ਜਾਂ 1-916-554-7104 'ਤੇ ਫੋਨ ਕਰੋ।



# ਤਨਖਾਹ-ਸ਼ੁਦਾ ਪਰਿਵਾਰ ਲਈ ਛੁੱਟੀ

ਉਨ੍ਹਾਂ ਪਲਾਂ ਲਈ ਉੱਥੇ ਰਹੋ ਜੋ ਮਾਇਨੇ ਰੱਖਦੇ ਹਨ।

SDI ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਲਈ ਅਤੇ SDI ਨਾਲ ਸੰਪਰਕ ਕਿਵੇਂ ਕਰੀਏ, ਇਸ ਬਾਰੇ ਜਾਣਨ ਲਈ, ਇੱਥੇ ਵੇਖੋ Contact State Disability Insurance

EDD ਇੱਕ ਬਰਾਬਰ ਮੌਕੇ ਦਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਸਹਾਇਕ ਸਹਾਇਤਾ ਅਤੇ ਸੇਵਾਵਾਂ ਅਪਾਹਜ ਵਿਅਕਤੀਆਂ ਲਈ ਬੇਨਤੀ ਕਰਨ 'ਤੇ ਉਪਲਬਧ ਹਨ। ਸੇਵਾਵਾਂ, ਸਹਾਇਤਾ, ਅਤੇ/ਜਾਂ ਬਦਲਵੇਂ ਫਾਰਮੈਟਾਂ ਲਈ ਬੇਨਤੀਆਂ 1-866-490-8879 'ਤੇ ਫੋਨ ਕਰਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। TTY ਉਪਭੋਗਤਾ, ਕਿਰਪਾ ਕਰਕੇ ਕੈਲੀਫੋਰਨੀਆ ਰੀਲੇਅ ਸੇਵਾ ਨੂੰ 711 ਤੇ ਕਾਲ ਕਰਨ।

ਇਹ ਪੈਂਫਲੈਟ ਸਿਰਫ਼ ਆਮ ਜਾਣਕਾਰੀ ਲਈ ਹੈ ਅਤੇ ਇਸ ਦਾ ਕਾਨੂੰਨ, ਨਿਯਮ ਅਤੇ ਕਾਇਦਾ ਦੇ ਤੌਰ ਤੇ ਕੋਈ ਬਲ ਅਤੇ ਪ੍ਰਭਾਵ ਨਹੀਂ ਹੈ।